**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
**ਦਫ਼ਤਰ ਡੀਨ, ਅਕਾਦਮਿਕ ਮਾਮਲੇ**

ਨੰ:...13880.../ਡੀ.ਏ.ਏ.
ਮਿਤੀ :..30/12/21.......

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ

ਇਸ ਦਫ਼ਤਰ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਪੱਤਰ ਨੰਬਰ 6866/ਸੀ.ਓ.ਈ., ਮਿਤੀ 23.12.2021 ਅਤੇ ਪੱਤਰ ਨੰਬਰ 13877/ਡੀ.ਏ.ਏ. ਮਿਤੀ 30.12.2021 ਦੀ ਲਗਾਤਾਰਤਾ ਵਿੱਚ ਹੇਠਾਂ ਦਰਸਾਏ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ :

1. ਮੁਖੀ, ਸਕੂਲ ਆਫ ਮੈਨੇਜਮੈਂਟ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਐਮ.ਬੀ.ਏ. (Flagship/HHCM/IB/CC) ਦੀਆਂ ਦਸੰਬਰ-2021 ਵਿੱਚ ਹੋਣ ਵਾਲੀਆਂ ਸਮੈਸਟਰ-ਪਹਿਲਾ ਅਤੇ ਸਮੈਸਟਰ-ਤੀਜਾ ਦੀਆਂ ਪ੍ਰੀਖਿਆਵਾਂ 10.01.2022 ਤੋਂ ਆਰੰਭ ਕਰਵਾਈਆਂ ਜਾਣਗੀਆਂ ਕਿਉਂਕਿ ਇਸ ਦੇ ਆਧਾਰ ਤੇ ਉਨ੍ਹਾਂ ਦੇ ਅਗਲੇ ਸਮੈਸਟਰਾਂ ਦੀਆਂ ਪ੍ਰੀਖਿਆਵਾਂ ਅਤੇ Summer Training ਅਤੇ Placement ਆਧਾਰਿਤ ਹਨ।

2. ਮੁਖੀ, ਕੰਪਿਊਟਰ ਸਾਇੰਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਐਮ.ਸੀ.ਏ. ਸਮੈਸਟਰ-ਤੀਜਾ ਅਤੇ ਸਮੈਸਟਰ-ਪੰਜਵਾਂ ਦੀਆਂ ਪ੍ਰੀਖਿਆਵਾਂ ਵੀ 10.01.2022 ਤੋਂ ਆਰੰਭ ਕਰਵਾਈਆਂ ਜਾਣਗੀਆਂ ਕਿਉਂਕਿ ਇਨ੍ਹਾਂ ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ ਅਤੇ ਉਹ ਪ੍ਰੀਖਿਆਵਾਂ ਕੰਡਕਟ ਨਾ ਹੋਣ ਕਰਕੇ ਆਪਣੀ ਕੰਪਨੀ ਵਿੱਚ ਜੁਆਇਨ ਕਰਨ ਵਿੱਚ ਦਿੱਕਤ ਆ ਰਹੀ ਹੈ।

ਇਹ ਸਪਸ਼ਟ ਹੈ ਕਿ ਜੋ ਉਪਰੋਕਤ ਕੋਰਸ ਕਾਲਜਾਂ ਵਿੱਚ ਕਾਮਨ ਹਨ ਉਨ੍ਹਾਂ ਦੀਆਂ ਪ੍ਰੀਖਿਆਵਾਂ ਵੀ ਸਾਂਝੀਆਂ ਹੀ 10.01.2022 ਤੋਂ ਆਰੰਭ ਹੋਣਗੀਆਂ।

**ਬਾਕੀ ਕੋਰਸਾਂ ਦੀਆਂ ਪ੍ਰੀਖਿਆਵਾਂ ਦਾ ਸ਼ਡਿਊਲ ਜਨਵਰੀ 2022 ਦੇ ਤੀਜੇ ਹਫ਼ਤੇ ਵਿੱਚ ਪੰਜਾਬੀ ਸਰਕਾਰ ਦੀਆਂ ਹਦਾਇਤਾਂ/ਕੋਵਿਡ-19 ਦੀਆਂ ਗਾਈਡਲਾਈਨਜ਼ ਅਨੁਸਾਰ ਪੰਜਾਬੀ ਯੂਨੀਵਰਸਿਟੀ ਦੀ ਵੈਬੱ-ਸਾਈਟ ਤੇ ਅਪਲੋਡ ਕਰ ਦਿੱਤਾ ਜਾਵੇਗਾ ਅਤੇ ਇਸ ਸ਼ਡਿਊਲ ਉਪਰੰਤ ਹੀ ਡੇਟ-ਸ਼ੀਟਾਂ ਯੂਨੀਵਰਸਿਟੀ ਦੀ ਵੈਬੱ-ਸਾਈਟ ਉੱਤੇ ਪਾਈਆਂ ਜਾਣਗੀਆਂ। ਇਹ ਸਪਸ਼ਟ ਹੈ ਕਿ ਇਨ੍ਹਾਂ ਕੋਰਸਾਂ ਦੀਆਂ ਡੇਟ-ਸ਼ੀਟਾਂ ਜਾਰੀ ਕਰਨ ਸੰਬੰਧੀ ਫੈਸਲਾ ਅਜੇ ਲੈਣਾ ਹੈ।**

Sandhu
30/12/2021

**ਡੀਨ, ਅਕਾਦਮਿਕ ਮਾਮਲੇ**

Scanned with CamScanner